National Research Journal of Social Sciences
Volume-11, Issue-1, January-June 2026
PP: 365-368
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਸਿੱਖ ਧਰਮ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ੍ਹਹਾਦਤ ਦਾ ਸੰਕਲਪ

**ਕਿਰਨਦੀਪ ਕੌਰ**

ਰਿਸਰਚ ਸਕਾਲਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਸਾਰਾਂਸ਼**

ਸ੍ਰੀ ਗੁਰੂ ਤੇਗ਼ ਬਹਾਦਰ ਜੀ ਸਿੱਖ ਇਤਿਹਾਸ ਦੇ ਨੌਂਵੇਂ ਗੁਰੂ ਹਨ ਜਿਨ੍ਹਾਂ ਦੀ ਸ਼ਹਾਦਤ ਭਾਰਤੀ ਇਤਿਹਾਸ ਵਿਚ ਧਾਰਮਿਕ ਆਜਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਅਦੁੱਤੀ ਮਿਸਾਲ ਹੈ। ਇਸ ਖੋਜ ਪੇਪਰ ਦਾ ਉਦੇਸ਼ ਗੁਰੂ ਜੀ ਦੇ ਜੀਵਨ, ਉਨ੍ਹਾਂ ਦੀ ਵਿਚਾਰਧਾਰਾ,ਸਮਾਜਿਕ ਯੋਗਦਾਨ, ਸ਼ਹਾਦਤ ਦੇ ਉਦੇਸ਼ ਅਤੇ ਮਹੱਤਵ ਦਾ ਵਿਸਤਾਰਪੂਰਵਕ ਅਧਿਐਨ ਕਰਨਾ ਹੈ। ਖੋਜ ਪੇਪਰ ਵਿਚ ਇਹ ਵਿਸ਼ੇਸ਼ ਤੌਰ ’ਤੇ ਵਿਸ਼ਲੇਸ਼ਣ ਕੀਤਾ ਗਿਆ ਹੈ ਕਿ ਗੁਰੂ ਜੀ ਨੇ ਕੇਵਲ ਸਿੱਖ ਧਰਮ ਦੀ ਹੀ ਨਹੀਂ ਬਲਕਿ ਸਮੂਹ ਮਨੁੱਖਤਾ ਲਈ ਸ਼ਹਾਦਤ ਦਿੱਤੀ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਮਨੁੱਖੀ ਏਕਤਾ, ਆਲਮੀ ਭਰਾਤਰੀ ਭਾਵ, ਸਵਾਰਥੀ ਰਿਸ਼ਤਿਆਂ ਪ੍ਰਤੀ ਚੇਤੰਨਤਾ, ਨਿਆ, ਦਇਆ, ਅਤੇ ਸੱਚ 'ਤੇ ਚੱਲਣ ਲਈ ਪ੍ਰੇਰਿਤ ਕਰਦੀ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਜਨ-ਸਧਾਰਨ ਨੂੰ ਮਾਨਸਿਕ ਤੌਰ 'ਤੇ ਹਰ ਔਕੜ ਦਾ ਮੁਕਾਬਲਾ ਕਰਨ ਲਈ ਉਤਸ੍ਹਾਹਿਤ ਕਰਦੀ ਹੋਈ ਬਲ ਪ੍ਰਦਾਨ ਕਰਦੀ ਹੈ। ਵਿਸ੍ਵ ਇਤਿਹਾਸ ਦੀ ਇਹ ਲਾਸਾਨੀ ਸ੍ਹਹਾਦਤ ਹੈ। ਇਸ ਸ੍ਹਹਾਦਤ ਦਾ ਮੰਤਵ ਧਰਮ ਦੀ ਸੁਤੰਤਰਤਾ ਉਸਦੀ ਹੋਂਦ ਦੀ ਸਥਾਪਨਾ ਹੈ। ਗੁਰੂ ਸਾਹਿਬ ਨੇ ਅਜਿਹਾ ਧਾਰਮਿਕ ਆਦਰਸ੍ ਸਥਾਪਿਤ ਕੀਤਾ ਜਿਹੜਾ ਕਿਸੇ ਸ੍ਰੇਣੀ ਜਾਂ ਵਿਸ੍ਰੇਸ੍ ਵਰਗ ਵਾਸਤੇ ਨਹੀਂ, ਇਹ ਸਮੁੱਚੀ ਮਨੁੱਖਤਾ ਦੇ ਗੌਰਵ ਤੇ ਸੁਖਸ੍ਹੀ ਹੋਂਦ ਦਾ ਲਖਾਇਕ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਸ੍ਹਹਾਦਤ ਦਾ ਮੁੱਖ ਉਦੇਸ੍ ਵੀ ਇਹੀ ਸੀ ਕਿ ਅਜਿਹੇ ਆਦਰਸ੍ਕ ਮਨੁੱਖ ਦੀ ਸਿਰਜਣਾ ਕਰਨੀ ਜਿਸ ਅੰਦਰ ਸਵੈ-ਮਾਣ, ਸੂਰਬੀਰਤਾ, ਯੁੱਧ ਵਿਚ ਲੜਨ ਤੇ ਮਰਨ ਦਾ ਚਾਓ, ਭੈ, ਨਿਡਰ ਹੋ ਕੇ ਕਾਮਿਲ ਮਰਦ ਦੇ ਰੂਪ ਵੱਜੋਂ ਦ੍ਰਿਸ੍ਟਮਾਨ ਕਰਨਾ ਸੀ।

**ਕੁੰਜੀ ਸ਼ਬਦ**: ਸ੍ਰੀ ਗੁਰੂ ਤੇਗ਼ ਬਹਾਦਰ ਜੀ, ਜੀਵਨ, ਕਸ਼ਮੀਰੀ ਪੰਡਤਾਂ ਦੀ ਪੁਕਾਰ, ਮੁਗਲ ਕਾਲ, ਬਾਣੀ, ਪ੍ਰਚਾਰ, ਨਿਡਰਤਾ, ਮਨੁੱਖੀ ਅਧਿਕਾਰ, ਕਾਰਨ, ਸ਼ਹਾਦਤ ,ਉਦੇਸ਼, ਮਹੱਤਵ, ਸਮਾਜਿਕ ਨਿਆਂ,

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਮਹਾਨ ਸ੍ਹਹਾਦਤ ਇਕ ਵੱਡਾ ਅਦੁੱਤੀ ਸ੍ਹਹੀਦੀ ਸਾਕਾ ਹੈ। ਅਜਿਹੀ ਘਟਨਾ ਦੀ ਉਦਾਹਰਣ ਸਮੁੱਚੀ ਮਾਨਵਤਾ ਦੇ ਇਤਿਹਾਸ ਵਿਚ ਜਾਂ ਧਰਮ ਦੀ ਆਜ਼ਾਦੀ ਦੇ ਸਮੁੱਚੇ ਇਤਿਹਾਸ ਵਿਚ ਮਿਲਣੀ ਕਠਿਨ ਹੈ। ਉਸ ਸਮੇਂ ਜਦੋਂ ਕਿਸੇ ਦੂਜੇ ਧਰਮ ਦੇ ਪੈਰੋਕਾਰਾਂ ਉੱਪਰ ਬਣੇ ਧਰਮ-ਸੰਕਟ ਨੂੰ ਠੱਲ੍ਹ ਪਾਉਣ ਲਈ ਕਿਸੇ ਮਹਾਨ ਸ਼ਖ਼ਸੀਅਤ ਨੇ ਆਪਣਾ ਬਲੀਦਾਨ ਦਿੱਤਾ ਹੋਵੇ। ਇਸ ਲਈ ਆਪ ਜੀ ਨੂੰ ‘ਗੁਰੂ ਤੇਗ਼ ਬਹਾਦਰ, ਹਿੰਦ ਦੀ ਚਾਦਰ’ ਕਹਿ ਕੇ ਯਾਦ ਕੀਤਾ ਜਾਂਦਾ ਹੈ। ਭਗਤੀ ਅਤੇ ਪਰਉਪਕਾਰ ਦੇ ਮਾਰਗ 'ਤੇ ਚੱਲਦੇ ਹੋਏ ਇਹਨਾਂ ਨੇ ਅਜਿਹੀ ਉਦਾਹਰਨ ਸਥਾਪਤ ਕੀਤੀ ਹੈ ਜਿਨ੍ਹਾਂ ਦੀ ਮਿਸਾਲ ਦੁਨੀਆ ਵਿਚ ਹੋਰ ਕਿਤੇ ਦਿਖਾਈ ਨਹੀਂ ਦਿੰਦੀ। ਗੁਰੂ ਨਾਨਕ ਦੇਵ ਜੀ ਦੁਆਰਾ ਸ਼ੁਰੂ ਕੀਤੇ ਮਿਸ਼ਨ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਗੁਰੂ ਤੇਗ਼ ਬਹਾਦਰ ਜੀ ਨੇ ਭਾਰਤ ਦੇ ਹੋਰਨਾਂ ਹਿੱਸਿਆਂ ਦੀ ਯਾਤਰਾ ਕੀਤੀ ਅਤੇ ਅਖੀਰ ਉਸੇ ਮਿਸ੍ਨ ਦੀ ਪੂਰਤੀ ਹਿਤ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਸ਼ਹੀਦੀ ਦੇ ਦਿੱਤੀ। ਇਹਨਾਂ ਦੀ ਸ੍ਹਹਾਦਤ ਦਾ ਵਰਣਨ ਕਰਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ-

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ।।

ਕੀਨੋ ਬਡੋ ਕਲੂ ਮਹਿ ਸਾਕਾ।।

ਸਾਧਨਿ ਹੇਤਿ ਇਤੀ ਜਿਨਿ ਕਰੀ।।

ਸੀਸੁ ਦੀਆ ਪਰ ਸੀ ਨ ਉਚਰੀ।।

ਧਰਮ ਹੇਤ ਸਾਕਾ ਜਿਨਿ ਕੀਆ।।

ਸੀਸੁ ਦੀਆ ਪਰ ਸਿਰਰੁ ਨਾ ਦੀਆ।।[1]

ਗੁਰੂ ਤੇਗ਼ ਬਹਾਦਰ ਜੀ ਨੇ ਆਪਣਾ ਸੀਸ ਦੇ ਕੇ ਮਾਨਵਤਾ ਨੂੰ ਇਹ ਸੰਦੇਸ਼ ਦਿੱਤਾ ਕਿ ਜੇਕਰ ਧਰਮ ਦੀ ਭਾਵਨਾ ਨੂੰ ਜੀਵਨ ਵਿਚ ਦ੍ਰਿੜਤਾ ਪੂਰਵਕ ਧਾਰਨ ਕਰ ਲਿਆ ਜਾਵੇ ਤਾਂ ਜਬਰ ਅਤੇ ਜ਼ੁਲਮ ਦਾ ਮਾਰਗ ਧਾਰਨ ਕਰਨ ਵਾਲੇ ਕਦੇ ਵੀ ਆਪਣੇ ਮਨਸੂਬਿਆਂ ਵਿਚ ਕਾਮਯਾਬ ਨਹੀਂ ਹੋ ਸਕਦੇ। ਗੁਰੂ ਤੇਗ਼ ਬਹਾਦਰ ਜੀ ਦੀ ਸ੍ਹਹਾਦਤ ਨੇ ਮਾਨਵਤਾ ਦੀ ਭਲਾਈ ਦੇ ਕਾਰਜਾਂ ਵਿਚ ਲੱਗੇ ਹੋਏ ਲੋਕਾਂ ਨੂੰ ਇਕ ਨਵੀਂ ਦ੍ਰਿਸ੍ਟੀ ਪ੍ਰਦਾਨ ਕੀਤੀ ਕਿ ਚੰਗੇ ਕਾਰਜਾਂ ਦੀ ਇੱਛਾ ਰੱਖਣ ਵਾਲਿਆਂ ਨੂੰ ਪ੍ਰਭੂ ਭਗਤੀ ਅਤੇ ਆਪਾ ਕੁਰਬਾਨ ਕਰਨ ਲਈ ਹਮੇਸ੍ਹਾਂ ਤਿਆਰ ਰਹਿਣਾ ਚਾਹੀਦਾ ਹੈ ਤਾਂ ਹੀ ਅਨਿਆਂ ਅਤੇ ਅੱਤਿਆਚਾਰ ਵਿਰੁੱਧ ਦ੍ਰਿੜਤਾ ਪੂਰਵਕ ਕਾਰਜਾਂ ਵਿਚ ਸਫ਼ਲਤਾ ਪ੍ਰਾਪਤ ਹੋ ਸਕਦੀ ਹੈ।

ਗੁਰੂ ਤੇਗ਼ ਬਹਾਦਰ ਜੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਦੂਜੇ ਅਜਿਹੇ ਗੁਰੂ ਹੋਏ ਜਿਨ੍ਹਾਂ ਨੇ ਲੋਕ-ਮਨਾਂ ਦੀ ਮਾਨਸਿਕਤਾ ਨੂੰ ਸਮਝਿਆਂ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਆਪਣੀਆਂ ਯਾਤਰਾਵਾਂ ਤੇ ਬਾਣੀ ਰਾਹੀਂ ਕੀਤਾ। ਗੁਰੂ ਸਾਹਿਬ ਦੇ ਸਮੇਂ ਦਿੱਲੀ ਦੇ ਤਖ਼ਤ ਉੱਤੇ ਬਿਰਾਜਮਾਨ ਔਰਗਜ਼ੇਬ ਇੱਕ ਕੱਟੜ ਬਾਦਸ਼ਾਹ ਸੀ, ਜਿਹੜਾ ਜ਼ਬਰੀ ਧਰਮ ਪਰਿਵਰਤਨ ਕਰਨ ਦੇ ਵਰਤਾਰੇ ਵੱਲ ਰੁਚਿਤ ਸੀ ਪਰ ਗੁਰੂ


© Copyright @ Authors

ਸਾਹਿਬ ਤਿਲਕ ਜੰਞੂ ਦੇ ਰਾਖੇ ਵੱਜੋਂ ਦ੍ਰਿਸ਼ਟਮਾਨ ਹੁੰਦੇ ਹਨ। ਪੰਜਵੀਂ ਜੋਤਿ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਮੇਂ ਦੌਰਾਨ ਲੋਕਾਂ ਨੂੰ ਨੀਂਦ ਤੋਂ ਜਗਾਉਣ ਲਈ ਸ਼ਹਾਦਤ ਦੇ ਕੇ ਜਿਹੜਾ ਰਾਹ ਦਿਖਾਇਆ, ਨੌਵੇਂ ਜਾਮੇਂ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਫਿਰ ਉਸ ਨੂੰ ਦੁਹਰਾਇਆ। ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦਾ ਸਥੂਲ ਰੂਪ ਵਿਚ ਭਾਵੇਂ ਕਾਰਨ ਹਿੰਦੂਆਂ ਦੀ ਔਰੰਗਜ਼ੇਬ ਦੁਆਰਾ ਹੋ ਰਹੀ ਬੇ-ਪਤੀ ਬਣਿਆ, ਪਰੰਤੂ ਸੂਖਮ ਰੂਪ ਵਿਚ ਇਹ ਪੂਰਵ-ਨਿਸ਼ਚਿਤ ਸੀ।

ਜਿਸ ਸਮੇਂ ਸ਼ਾਹ ਜਹਾਨ ਦਿੱਲੀ ਦੇ ਤਖ਼ਤ 'ਤੇ ਬੈਠਿਆ। ਜਹਾਂਗੀਰ ਦੇ ਸਮੇਂ ਤੋਂ ਹੀ ਦਿੱਲੀ ਦਰਬਾਰ ਦਾ ਰੁਖ ਗੁਰੂ-ਘਰ ਵੱਲ ਸੁਖਾਵਾਂ ਨਹੀਂ ਸੀ। ਨਤੀਜੇ ਵਜੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੁਗ਼ਲਾਂ ਨਾਲ ਕਈ ਯੁੱਧ ਹੋਏ ਅਤੇ ਵਿਸ਼ੇਸ਼ ਤੌਰ 'ਤੇ ਕਰਤਾਰਪੁਰ ਦੇ ਯੁੱਧ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਬਹਾਦਰੀ ਦੇ ਜੌਹਰ ਵਿਖਾਏ। ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ 1644 ਈ. ਵਿਚ ਜੋਤੀ ਜੋਤਿ ਸਮਾਉਣ ਉਪਰੰਤ ਆਪ ਬਕਾਲੇ ਆ ਗਏ। ਇੱਥੇ ਇਕਾਂਤ ਵਿਚ ਰਹਿ ਕੇ ਆਪ ਜੀ ਵਧੇਰੇ ਸਮਾਂ ਭਗਤੀ ਵਿਚ ਲੀਨ ਰਹਿੰਦੇ ਪਰ ਗੁਰੂ-ਘਰ ਵਿਚ ਹੋ ਰਹੇ ਕਾਰਜਾਂ ਨਾਲ ਆਪ ਜੁੜੇ ਰਹੇ। ਜਲਦੀ ਹੀ ਸ੍ਰੀ ਹਰਿਕ੍ਰਿਸ਼ਨ ਸਾਹਿਬ ਜੀ 'ਬਾਬਾ ਬਕਾਲੇ' ਦਾ ਐਲਾਨ ਕਰਕੇ ਜੋਤੀ-ਜੋਤਿ ਸਮਾ ਗਏ। ਇੱਥੇ ਆਪ ਜੀ ਨੂੰ ਮੱਖਣ ਸ਼ਾਹ ਲੁਬਾਣੇ ਨੇ 'ਗੁਰੂ ਲਾਧੋ ਰੇ, ਗੁਰੂ ਲਾਧੋ ਰੇ' ਪੁਕਾਰ ਕੇ ਪ੍ਰਗਟ ਕੀਤਾ। ਧੀਰ ਮੱਲ ਅਤੇ ਸ਼ੀਹਾਂ ਮਸੰਦ ਦੇ ਵਿਰੋਧਾਂ ਨੂੰ ਆਪ ਜੀ ਨੇ ਸਹਿਣਸ਼ੀਲਤਾ ਨਾਲ ਨਜਿੱਠਿਆ। 20 ਮਾਰਚ, 1665 ਈ. ਨੂੰ ਆਪ ਜੀ ਨੂੰ ਰਸਮੀ ਤੌਰ 'ਤੇ ਗੁਰਿਆਈ ਸੌਂਪੀ ਗਈ ਅਤੇ ਆਪ ਨੇ ਸਿੱਖ ਪੰਥ ਦੀ ਵਾਗਡੋਰ ਸੰਭਾਲੀ ਅਤੇ ਇਸ ਨੂੰ ਸੇਧ ਦੇਣ ਦੇ ਉਪਰਾਲੇ ਸ਼ੁਰੂ ਕਰ ਦਿੱਤੇ। ਗੁਰੂ ਜੀ ਨੇ ਮਸੰਦਾਂ ਰਾਹੀਂ ਅਤੇ ਹੁਕਮਨਾਮੇ ਜਾਰੀ ਕਰਕੇ ਦੂਰ-ਦੁਰਾਡੇ ਬੈਠੀਆਂ ਸਿੱਖ ਸੰਗਤਾਂ ਨਾਲ ਸੰਪਰਕ ਕਾਇਮ ਕੀਤਾ। ਆਪ ਨੇ ਪੰਜਾਬ ਦੇ ਮਾਝਾ, ਮਾਲਵਾ ਅਤੇ ਬਾਂਗਰ ਇਲਾਕਿਆਂ ਦਾ ਦੌਰਾ ਕਰ ਕੇ ਸਿੱਖ ਸੰਗਤਾਂ ਨੂੰ ਉਤਸ਼ਾਹ ਬਖ਼ਸ਼ਿਆ। ਆਮ ਲੋਕ ਮੁਗ਼ਲ ਹਕੂਮਤ ਦੇ ਸਹਿਮ ਵਿਚ ਜੀਅ ਰਹੇ ਸਨ। ਵਿਸ਼ੇਸ਼ ਕਰਕੇ ਜਹਾਂਗੀਰ ਦੇ ਰਾਜ-ਕਾਲ ਤੋਂ ਪਰਜਾ ਨੂੰ ਜਬਰਨ ਮੁਸਲਮਾਨ ਬਣਾਉਣ ਦੀ ਪ੍ਰਕਿਰਿਆ ਜ਼ੋਰ ਪਕੜ ਰਹੀ ਸੀ। ਮੁਸਲਮਾਨ ਸ਼ਾਸਕਾਂ ਵਿਚ ਦੂਜੇ ਧਰਮਾਂ ਪ੍ਰਤੀ ਸਹਿਣਸ਼ੀਲਤਾ ਉੱਕਾ ਹੀ ਨਹੀਂ ਸੀ। ਉਹ ਹਰੇਕ ਨਾਗਰਿਕ ਨੂੰ ਮੁਸਲਮਾਨ ਬਣਾਉਣ ਲਈ ਹਰ ਤਰ੍ਹਾਂ ਦੀ ਸਖ਼ਤੀ ਅਤੇ ਜ਼ੁਲਮ ਕਰਨ ਤੋਂ ਵੀ ਸੰਕੋਚ ਨਹੀਂ ਸੀ ਕਰਦੇ। ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ ਗ਼ੈਰ ਮੁਸਲਮਾਨਾਂ ਉੱਪਰ ਮੁੜ ਜਜ਼ੀਆ (ਕਰ) ਲਗਾ ਦਿੱਤਾ। ਇਸ ਹੁਕਮ ਨੂੰ ਅਮਲੀ ਜਾਮਾ ਦੇਣ ਲਈ ਕਸ਼ਮੀਰ ਵਿਚ ਵਿਸ਼ੇਸ਼ ਤੌਰ 'ਤੇ ਸਖ਼ਤੀ ਵਰਤੀ ਗਈ। ਮੁਸਲਮਾਨ ਬਣਨ ਤੋਂ ਨਾਂਹ ਕਰਨ ਵਾਲਿਆਂ ਨੂੰ ਬਹੁਤ ਦੁੱਖ ਅਤੇ ਤਸੀਹੇ ਦੇਣੇ ਸ਼ੁਰੂ ਕੀਤੇ ਗਏ। ਗ਼ਰੀਬ ਤੇ ਕਮਜ਼ੋਰ ਲੋਕਾਂ ਪਾਸ ਕੋਈ ਚਾਰਾ ਨਹੀਂ ਸੀ, ਉਹ ਮਜ਼ਬੂਰਨ ਮੁਸਲਮਾਨ ਬਣਨ ਲੱਗ ਪਏ। ਕਸ਼ਮੀਰ ਦੇ ਪੰਡਿਤ ਇਸ ਦਸ਼ਾ ਤੋਂ ਬਹੁਤ ਪਰੇਸ਼ਾਨ ਹੋਏ। ਉਨ੍ਹਾਂ ਨੇ ਇਸ ਮੁਸੀਬਤ ਤੋਂ ਬਚਣ ਲਈ ਸਲਾਹ ਕੀਤੀ ਅਤੇ ਗੁਰੂ ਤੇਗ਼ ਬਹਾਦਰ ਜੀ ਨੂੰ ਸਾਰੀ ਦੁੱਖ ਭਰੀ ਵਿੱਥਿਆ ਦੱਸੀ-

ਇਕ ਬੜੀ ਤਕੜੀ ਸਿਖ ਰਵਾਇਤ ਹੈ ਕਿ ਜਦੋਂ ਗੁਰੂ ਸਾਹਿਬ ਬ੍ਰਾਹਮਣਾਂ ਦੀ ਹਿਰਦੇ-ਵੇਧਕ ਬੇਨਤੀ ਉਤੇ ਵਿਚਾਰ ਕਰ ਰਹੇ ਸਨ, ਤਾਂ ਯੁਵਕ ਸਾਹਿਬਜ਼ਾਦਾ ਗੋਬਿੰਦ ਦਾਸ ਛਪਾ-ਛਪ ਦਰਬਾਰ ਵਿਚ ਆ ਨਿਕਲੇ, ਅਤੇ ਉਨ੍ਹਾਂ ਨੂੰ ਬੜੀ ਹੈਰਾਨੀ ਹੋਈ ਕਿ ਉਥੇ ਹਰ ਪਾਸੇ ਚੁਪ-ਚਾਪ ਵਰਤੀ ਹੋਈ ਹੈ । ਕੁਝ ਝਿੱਜਕ ਕੇ ਪਰ ਧੀਰਜ ਨਾਲ ਉਨ੍ਹਾਂ ਆਪਣੇ ਪਿਤਾ ਜੀ ਕੋਲੋਂ ਇਸ ਗੰਭੀਰ ਸੋਚ-ਵਿਚਾਰ ਦਾ ਕਾਰਣ ਪੁਛਿਆ । ਗੁਰੂ ਤੇਗ਼ ਬਹਾਦੁਰ ਸਾਹਿਬ ਨੇ ਲੋਕਾਂ ਦੀ ਗੰਭੀਰ ਹਾਲਤ ਵੱਲ ਇਸ਼ਾਰਾ ਕੀਤਾ ਅਤੇ ਇਹ ਮਹੱਤਵਪੂਰਨ ਬਚਨ ਕੀਤਾ ਕਿ ਇਸ ਸੰਕਟ ਤੋਂ ਕਿਸੇ ਮਹਾਂਪੁਰਖ ਦੀ ਕੁਰਬਾਨੀ ਹੀ ਬਚਾ ਸਕਦੀ ਹੈ । ਬਾਲਾ ਪ੍ਰੀਤਮ ਨੇ ਫੌਰਨ ਆਪਣੇ ਪਿਤਾ ਜੀ ਨੂੰ ਉੱਤਰ ਦਿੱਤਾ ਕਿ ਉਨ੍ਹਾਂ ਤੋਂ ਵੱਡਾ ਕਿਹੜਾ ਮਹਾਂਪੁਰਖ ਹੋ ਸਕਦਾ ਹੈ । ਇਸ਼ਾਰਾ ਬਿਲਕੁਲ ਸਪੱਸ਼ਟ ਸੀ। ਉਨ੍ਹਾਂ ਨੇ ਆਪਣੇ ਸਪੁੱਤਰ ਦੇ ਇਸ ਸਾਹਸ-ਭਰਪੂਰ ਉੱਤਰ ਦੀ ਸ਼ਲਾਘਾ ਕੀਤੀ ਅਤੇ ਤੁਰੰਤ ਇਸ ਮਹਾਨ ਕਾਰਜ ਲਈ ਕੁਰਬਾਨੀ ਦੇਣ ਦਾ ਫ਼ੈਸਲਾ ਕਰ ਲਿਆ। ਉਪਰੰਤ, ਬ੍ਰਾਹਮਣਾਂ ਨੂੰ ਹਦਾਇਤ ਕੀਤੀ ਕਿ ਉਹ ਚਲੇ ਜਾਣ ਤੇ ਸਰਕਾਰੀ ਪ੍ਰਬੰਧਕਾਂ ਨੂੰ ਕਹਿ ਦੇਣ ਕਿ ਉਹ ਆਪਣੇ ਧਰਮ ਨੂੰ ਛੱਡਣ ਵਿਚ ਕੋਈ ਢਿੱਲ-ਮੱਠ ਨਹੀਂ ਕਰਨਗੇ ਜੇਕਰ ਪਹਿਲਾਂ ਗੁਰੂ ਤੇਗ਼ ਬਹਾਦੁਰ ਨੂੰ ਇਸਲਾਮ ਕਬੂਲਣ ਲਈ ਮਨਾ ਲਿਆ ਜਾਵੇ ।[2]

ਗੁਰੂ ਸਾਹਿਬ ਜੀ ਦੇ ਸਮੇਂ ਦੌਰਾਨ ਭਾਰਤ ਅੰਦਰ ਦਹਿਸ਼ਤ ਦਾ ਮਾਹੌਲ ਹੋਣ ਕਾਰਨ ਪ੍ਰਚਾਰ ਲਈ ਥਾਪੇ ਮੰਸਦ ਵੀ ਗੁਰੂ ਤੇਗ਼ ਬਹਾਦਰ ਜੀ ਤੋਂ ਕੰਨੀ ਕਤਰਾਣ ਲੱਗ ਪਏ ਸਨ। ਪਰ ਕਮਾਲ ਇਹ ਸੀ ਕਿ ਗੁਰੂ ਸਾਹਿਬ ਆਨੰਦਪੁਰ ਸਾਹਿਬ ਵਿਖੇ ਯੁੱਧ ਭੂਮੀ ਦੀ ਸਿਰਜਣਾ ਕਰ ਰਹੇ ਸਨ, ਆਪਣੇ ਪੁੱਤਰ ਗੋਬਿੰਦ ਰਾਏ ਨੂੰ ਤੇ ਗੁਰੂ ਘਰ ਦੇ ਸਿੱਖਾਂ ਲਈ ਯੁੱਧ ਵਿੱਦਿਆ ਦਾ ਪ੍ਰਬੰਧ ਸਿਰਜ ਰਹੇ ਸਨ। ਗੁਰੂ ਸਾਹਿਬ ਬਾਣੀ ਰਾਹੀਂ ਲੋਕ ਮਨਾਂ ਦੇ ਮਨੋਬਲ ਵਿਚ ਮੌਤ ਦਾ ਭੈ, ਸ਼ਾਸ਼ਕ ਦਾ ਡਰ, ਹੀਣਤਾ ਦਾ ਭਾਵ, ਨਿਰਬਲਤਾ ਜਿਹੇ ਭਾਵਾਂ ਦਾ ਬਦਲ ਧਰਮ ਯੁੱਧ ਦਾ ਚਾਓ, ਨਿਡਰਤਾ, ਸਵੈ-ਮਾਣ, ਅਣਖ, ਮੌਤ ਨੂੰ ਜੀਵਨ ਮੁਕਤੀ ਪਰਿਵਰਤਿਤ ਕਰ ਰਹੇ ਸਨ। ਗੁਰੂ ਸਾਹਿਬ ਲੋਕ ਮਨਾਂ ਅੰਦਰ ਬਲਹੀਣਤਾ ਨੂੰ ਖ਼ਤਮ ਕਰ ਮਨੁੱਖਤਾ ਅੰਦਰ ਜੁਅਰਤ ਕਰਨ ਦਾ ਸਾਹਸ ਪ੍ਰਦਾਨ ਕਰਦੇ ਹੋਏ ਆਪਣੀ ਬਾਣੀ ਰਾਹੀਂ ਸਮੱਸਿਆਵਾਂ ਦਾ ਸਮਾਧਾਨ ਦ੍ਰਿਸ਼ਟਮਾਣ ਕਰਦੇ ਹਨ-

ਬਲੁ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ॥

ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥[3]

ਇਸ ਸਾਰੇ ਕਾਰਜਾਂ ਦਾ ਜਦੋਂ ਗਵਰਨਰ ਨੇ ਔਰੰਗਜ਼ੇਬ ਨੂੰ ਸੁਨੇਹਾ ਭੇਜਿਆ ਤਾਂ ਉਸਨੇ ਤੁਰੰਤ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਦਿੱਤੇ। ਆਪ ਜੀ ਤੇ ਹਰ ਤਰ੍ਹਾਂ ਦਾ ਜ਼ੁਲਮ ਕੀਤਾ ਗਿਆ। ਆਪ ਨੇ ਆਪਣੇ ਇਰਾਦੇ, ਧਰਮ ਅਤੇ ਸੱਚ ਦੇ ਮਾਰਗ ਤੋਂ ਥਿੜਕੇ ਨਹੀਂ। ਗੁਰੂ ਜੀ ਨੂੰ ਗ੍ਰਿਫ਼ਤਾਰ ਕਰਕੇ ਹਫ਼ਤਾ-ਭਰ ਤਸੀਹੇ ਦਿੱਤੇ ਤਾਂ ਕਿ ਗੁਰੂ ਜੀ ਆਪਣਾ ਧਰਮ ਤਿਆਗ ਕੇ ਇਸਲਾਮ ਕਬੂਲ ਕਰ ਲੈਣ, ਪਰੰਤੂ ਗੁਰੂ ਜੀ ਅਡੋਲ ਡਟੇ ਰਹੇ ਅਤੇ ਧਰਮ ਦੀ ਰੱਖਿਆ ਲਈ ਸ਼ਹਾਦਤ ਦਾ ਜਾਮ ਪੀ ਗਏ। ਜਦੋਂ ਅਧਿਕਾਰੀਆਂ ਦਾ ਕੋਈ ਵੱਸ ਨਾ ਚੱਲਿਆ ਤਾਂ ਆਪ ਜੀ ਨੇ ਆਪਣੇ ਧਰਮ ਦੀ ਉੱਚਤਾ ਸਿੱਧ ਕਰਨ ਲਈ ਕਰਾਮਾਤ ਵਿਖਾਉਣ ਲਈ ਕਿਹਾ ਗਿਆ, ਪਰ ਆਪ ਨੇ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ। ਜਦੋਂ ਗੁਰੂ ਜੀ ਨੇ ਹਕੂਮਤ ਦੀ ਕੋਈ ਗੱਲ ਨਾ ਮੰਨੀ ਤਾਂ ਆਪ ਜੀ ਨੂੰ ਚਾਂਦਨੀ ਚੌਂਕ ਵਿਖੇ 11 ਨਵੰਬਰ, 1675 ਈ. ਨੂੰ ਆਮ ਲੋਕਾਂ ਦੀ ਮੌਜੂਦਗੀ ਵਿਚ ਸ਼ਹੀਦ ਕਰ ਦਿੱਤਾ ਗਿਆ। ਮੁਗ਼ਲਾਂ ਦੇ ਭੈਅ ਕਰਕੇ ਖੁੱਲ੍ਹੇ ਤੌਰ 'ਤੇ ਸੰਸਕਾਰ ਕਰਨਾ ਸੰਭਵ ਨਹੀਂ ਸੀ ਇਸ ਲਈ ਲੱਖੀ ਸ਼ਾਹ ਦੇ ਪਰਿਵਾਰ ਨੇ ਗੁਰੂ ਜੀ ਦਾ ਸਰੀਰ ਆਪਣੇ ਘਰ ਅੰਦਰ ਰੱਖ ਕੇ ਘਰ ਨੂੰ ਹੀ ਅੱਗ ਲਾ ਦਿੱਤੀ। ਜਿੱਥੇ ਗੁਰਦੁਆਰਾ 'ਰਕਾਬ ਗੰਜ' ਸਥਿਤ ਹੈ। ਜਿਸ ਥਾਂ ਤੇ ਸੀਸ ਦਾ ਸੰਸਕਾਰ ਕੀਤਾ ਗਿਆ ਉਸ ਥਾਂ ਤੇ ਗੁਰਦੁਆਰਾ 'ਸੀਸ ਗੰਜ' ਸਾਹਿਬ ਸੁਸ਼ੋਭਿਤ ਹੈ। ਡਾ.ਫੌਜਾ ਸਿੰਘ ਆਪਣੇ ਲੇਖ ਵਿਚ ਸ਼ਹੀਦੀ ਦੇ ਕਾਰਨ ਦੱਸਦੇ ਹਨ-

"ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਧਰਮ ਸਬੰਧੀ ਦੇ ਪਰਸਪਰ-ਵਿਰੋਧੀ ਮਤਾਂ ਦੇ ਟਕਰਾਉ ਦਾ ਨਤੀਜਾ ਸੀ। ਇਕ ਪਾਸੇ ਗੁਰੂ ਜੀ ਦਾ ਵਿਸ਼ਾਲ ਮਾਨਵ-ਵਾਦੀ ਧਰਮ ਸੀ ਜਿਸ ਦਾ ਰੇਖਾ-ਚਿਤਰ ਗੁਰੂ ਗੋਬਿੰਦ ਸਿੰਘ ਜੀ ਦੇ ਉਪ੍ਰੋਕਤ ਕਥਨ, ਨੌਵੇਂ ਗੁਰੂ ਜੀ ਦੀ ਜੀਵਨੀ ਅਤੇ ਰਚਨਾ ਤੇ ਉਨ੍ਹਾਂ ਦੇ ਸਿਧਾਂਤਕ ਪਿਛੋਕੜ ਵਿਚੋਂ ਭਲੀ-ਭਾਂਤ ਸਪੱਸ਼ਟ ਹੁੰਦਾ ਹੈ। ਇਸ ਦੇ ਵਿਰੋਧ ਵਿਚ ਦੂਜੇ ਪਾਸੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦਾ ਸੌੜਾ ਫਿਰਕੇਦਾਰਾਨਾ ਧਰਮ ਸੀ ਜਿਸ ਦਾ ਘੇਰਾ ਮੁਸਲਮਾਨਾਂ ਤਕ ਹੀ ਸੀਮਤ ਸੀ"।[4]

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਨੇ ਹੀ ਸਿੱਖ ਪੰਥ ਦੀ ਨਿਵੇਕਲੀ ਹੋਂਦ ਤੇ ਹਸਤੀ ਸਥਾਪਿਤ ਕੀਤੀ। ਸੰਗਤਾਂ ਨੂੰ 'ਸਚੁ' ਦਾ ਰਾਹ ਦਿਖਾਉਂਦੇ ਹੋਏ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ 11 ਨਵੰਬਰ, 1675 ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਸ਼ਹਾਦਤ ਦਿਤੀ। ਇਸ ਨਾਲ ਲੋਕ ਮਾਨਸਿਕਤਾ ਅੰਦਰ ਤੱਤਕਾਲੀਨ ਤੇ ਸਮਕਾਲੀ ਸਮੇਂ ਅੰਦਰ ਜ਼ਬਰ ਤੇ ਜ਼ੁਲਮ ਵਿਰੁੱਧ ਲੜਨ ਦੀ ਹਿੰਮਤ ਪ੍ਰਦਾਨ ਹੁੰਦੀ ਹੈ। ਗੁਰੂ ਸਾਹਿਬ ਵਿਅਕਤੀਗਤ ਪੱਧਰ 'ਤੇ ਬਲਸ਼ੀਲ ਹੋਣ ਲਈ ਹੀ ਨਹੀਂ ਪ੍ਰੇਰਦੇ ਸਗੋਂ ਸਮੂਹ ਮਾਨਸਿਕਤਾ ਦੇ ਸੰਘਰਸ਼ਮਈ ਜੀਵਨ ਦੇਖਦੇ ਹੋਏ ਜ਼ੋਰ ਤੇ ਜ਼ਬਰ ਵਿਰੁੱਧ ਲੜਨ ਲਈ ਸਮਾਜਿਕ, ਸਿਆਸੀ ਤੇ ਮਾਨਸਿਕ ਪੱਧਰ 'ਤੇ ਸੰਘਰਸ਼ ਕਰਨ 'ਤੇ ਜ਼ੋਰ ਦਿੰਦੇ ਹਨ। ਇਹੀ ਬਲ ਲੋਕ ਮਾਨਸਿਕਤਾ ਨੂੰ ਉਤਸ਼ਾਹਿਤ ਕਰਦਾ ਹੋਇਆ ਖਾਲਸੇ ਦੀ ਸਿਰਜਣਾ ਦਾ ਆਧਾਰ ਬਣਦਾ ਹੈ। ਗੁਰੂ ਸਾਹਿਬ ਦੇ ਵਿਅਕਤੀਤਵ ਤੇ ਬਾਣੀ ਦੀ ਛਾਪ ਯਾਤਰਾਵਾਂ ਦੌਰਾਨ ਲੋਕ ਮਨਾਂ ਵਿਚ ਗੁਰੂ ਸਾਹਿਬ ਦਾ ਬਿੰਬ ਸ਼ਕਤੀਸ਼ਾਲੀ ਤੇ ਪ੍ਰਭਾਵਸ਼ਾਲੀ ਸ਼ਖਸ਼ੀਅਤ ਵੱਜੋਂ ਉਭੱਰਦਾ ਹੋਣ ਕਰਕੇ ਔਰੰਗਜ਼ੇਬੀ ਰਾਜ-ਪ੍ਰਬੰਧ ਨੇ ਕਸ਼ਮੀਰੀ ਪੰਡਤਾਂ ਨੂੰ ਵੀ ਗੁਰੂ ਸਾਹਿਬ ਦੀ ਸ਼ਰਨ ਵਿਚ ਆਉਣ ਲਈ ਪ੍ਰੇਰਿਤ ਕਰਦਾ ਹੈ। ਔਰਗਜ਼ੇਬ ਦੇ ਜ਼ੁਲਮ ਦਾ ਇਲਮ, ਗੁਰੂ ਸਾਹਿਬ ਨੂੰ ਹੋਣ ਕਾਰਨ ਉਨ੍ਹਾਂ ਦਾ ਵਿਸ਼ਵਾਸ਼ ਸੀ ਕਿ ਇਸ ਸਥਿਤੀ ਦੇ ਸਮੇਂ ਜਨ-ਸਧਾਰਨ ਦੇ ਹਿੱਤਾਂ ਨੂੰ ਤੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ 'ਸ਼ਹਾਦਤ' ਹੀ ਸੁੱਰਖਿਅਤ ਰੱਖ ਸਕਦੀ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦਾ ਮੁੱਖ ਉਦੇਸ਼ ਵੀ ਇਹੀ ਸੀ ਕਿ ਅਜਿਹੇ ਆਦਰਸ਼ਕ ਮਨੁੱਖ ਦੀ ਸਿਰਜਣਾ ਕਰਨੀ ਜਿਸ ਅੰਦਰ ਸਵੈ-ਮਾਣ, ਸੂਰਬੀਰਤਾ, ਯੁੱਧ ਵਿਚ ਲੜਨ ਤੇ ਮਰਨ ਦਾ ਚਾਓ, ਭੈ, ਨਿਡਰ ਹੋ ਕੇ ਕਾਮਿਲ ਮਰਦ ਦੇ ਰੂਪ ਵੱਜੋਂ ਦ੍ਰਿਸ਼ਟਮਾਣ ਕਰਨਾ ਸੀ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨਵਾਂ ਸਾਹਸ ਤੇ ਹਿੰਮਤ ਪ੍ਰਦਾਨ ਕਰਦੀ ਹੈ। ਧਰਮ ਰੱਖਿਅਕ ਤੇ ਅਡੋਲਤਾ ਦੀ ਮੂਰਤ ਗੁਰੂ ਸਾਹਿਬ ਦੀ ਸ਼ਹਾਦਤ ਕੌਮ ਵਿਚ ਸਮੁੱਚੀ ਨਿਮਾਣੇ ਤੇ ਨਿਤਾਣੇ ਲੋਕ ਮਨਾਂ ਵਿੱਚ ਸਾਹਸ ਸਿਰਜਦੀ ਹੈ। ਗੁਰੂ ਸਾਹਿਬ ਸੂਰਬੀਰ, ਪਰਉਪਕਾਰੀ, ਦਾਨੀ, ਸਾਹਸੀ, ਦਾਰਸ਼ਨਿਕ ਤੇ ਅਦੁੱਤੀ ਸ਼ਹਾਦਤ ਦੇ ਮਾਲਕ ਦੇ ਹਸਤਾਖ਼ਰ ਹਨ। ਉਨ੍ਹਾਂ ਦੇ 57 ਸਲੋਕ ਤੇ 59 ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਦੁਨੀਆਂ ਦੇ ਇਤਿਹਾਸ ਦੇ ਪੰਨੇ ਫਰੋਲਣ ਤੋਂ ਪਤਾ ਲੱਗਦਾ ਹੈ ਕਿ ਜੇ ਕਿਸੇ ਸੰਤ ਭਗਤ ਨੇ ਕੁਰਬਾਨੀ ਦਿੱਤੀ ਹੈ ਤਾਂ ਕੇਵਲ ਆਪਣੀਆਂ ਹੀ ਨਿੱਜੀ, ਧਾਰਮਿਕ ਜਾਂ ਸਮਾਜਿਕ ਮਾਨਤਾਵਾਂ ਨੂੰ ਬਚਾਉਣ ਲਈ ਹੀ, ਪਰ ਕਦੇ ਇਹ ਨਹੀਂ ਸੁਣਿਆ ਕਿ ਕਿਸੇ ਵਿਅਕਤੀ ਨੇ ਕਿਸੇ ਹੋਰ ਧਰਮ ਨੂੰ ਬਚਾਉਣ ਲਈ ਕੁਰਬਾਨੀ ਦਿੱਤੀ ਹੋਵੇ। ਅਜਿਹੀ ਇੱਕ ਅਦੁੱਤੀ ਮਿਸਾਲ ਗੁਰੂ ਤੇਗ਼ ਬਹਾਦਰ ਜੀ ਦੀ ਹੀ ਹੈ। ਵਿਸ਼ਵ ਇਤਿਹਾਸ ਦੀ ਇਹ ਲਾਸਾਨੀ ਸ਼ਹਾਦਤ ਹੈ। ਇਸ ਸ਼ਹਾਦਤ ਦਾ ਮੰਤਵ ਧਰਮ ਦੀ ਸੁਤੰਤਰਤਾ ਉਸਦੀ ਹੋਂਦ ਦੀ ਸਥਾਪਨਾ ਹੈ। ਗੁਰੂ ਸਾਹਿਬ ਨੇ ਅਜਿਹਾ ਧਾਰਮਿਕ ਆਦਰਸ਼ ਸਥਾਪਿਤ ਕੀਤਾ ਜਿਹੜਾ ਕਿਸੇ ਸ਼੍ਰੇਣੀ ਜਾਂ ਵਿਸ਼ੇਸ਼ ਵਰਗ ਵਾਸਤੇ ਨਹੀਂ, ਇਹ ਸਮੁੱਚੀ ਮਨੁੱਖਤਾ ਦੇ ਗੌਰਵ ਤੇ ਸ਼ਖਸ਼ੀ ਹੋਂਦ ਦਾ ਲਖਾਇਕ ਹੈ।

ਗੁਰੂ ਤੇਗ਼ ਬਹਾਦਰ ਜੀ ਨੇ ਸਰਬ-ਸਾਂਝੀਵਾਲਤਾ, ਨਿਰਲੇਪਤਾ ਅਤੇ ਅਡੋਲਤਾ ਦੀ ਅਦੁੱਤੀ ਮਿਸਾਲ ਪੇਸ਼ ਕਰਦਿਆ ਸਮੁੱਚੀ ਲੋਕਾਈ ਨੂੰ ਸੱਚਾਈ, ਸ਼ਾਂਤੀ, ਪ੍ਰਭੂ-ਭਗਤੀ ਦਾ ਸੰਦੇਸ਼ ਆਪਣੀਆਂ ਯਾਤਰਾਵਾਂ ਦੁਆਰਾ ਕੀਤੇ ਪ੍ਰਚਾਰ ਤੇ ਪ੍ਰਸਾਰ ਤੇ ਬਾਣੀ ਵਿਚਲੇ ਸੰਦੇਸ਼ ਰਾਹੀਂ ਪ੍ਰਦਾਨ ਕੀਤਾ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਮਨੁੱਖੀ ਏਕਤਾ, ਆਲਮੀ ਭਰਾਤਰੀ ਭਾਵ, ਸਵਾਰਥੀ ਰਿਸ਼ਤਿਆਂ ਪ੍ਰਤੀ ਚੇਤੰਨਤਾ, ਨਿਆ, ਦਇਆ, ਅਤੇ ਸੱਚ 'ਤੇ ਚੱਲਣ ਲਈ ਪ੍ਰੇਰਿਤ ਕਰਦੀ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਜਨ-ਸਧਾਰਨ ਨੂੰ ਮਾਨਸਿਕ ਤੌਰ 'ਤੇ ਹਰ ਔਕੜ ਦਾ ਮੁਕਾਬਲਾ ਕਰਨ ਲਈ ਉਤਸ਼ਾਹਿਤ ਕਰਦੀ ਹੋਈ ਬਲ ਪ੍ਰਦਾਨ ਕਰਦੀ ਹੈ। ਡਾ.ਐੱਮ ਐੱਸ.ਅੰਮ੍ਰਿਤ ਗੁਰੂ ਜੀ ਦੀ ਸ਼ਹੀਦੀ ਦੇ ਮਹੱਤਵ ਬਾਰੇ ਲਿਖਦੇ ਹਨ-

"ਗੁਰੂ ਤੇਗ਼ ਬਹਾਦਰ ਜੀ ਦੀ ਲਾਸਾਨੀ ਤੇ ਮੁੱਲਵਾਨ ਸ਼ਹਾਦਤ ਦਾ ਇਕ ਅਪੂਰਵ ਅਤੇ ਅਨੋਖਾ ਮਹੱਤਵ, ਇਸ ਗੱਲ ਵਿਚ ਨਿਹਿਤ ਹੈ ਕਿ ਉਨ੍ਹਾਂ ਕਿਸੇ ਇਕ ਵਿਸ਼ੇਸ਼ ਧਰਮ ਦੀ ਨਹੀਂ, ਸਗੋਂ ਸਮੁੱਚੇ ਧਰਮ ਦੀ ਆਜ਼ਾਦੀ ਦੀ ਰੱਖਿਆ ਵਾਸਤੇ ਇਕ ਨਿਤਾਣੀ ਤੇ ਡਿੱਗੀ ਹੋਈ ਕੌਮ ਨੂੰ ਉੱਚਾ ਚੁੱਕਣ ਲਈ, ਉਨ੍ਹਾਂ ਦਾ ਮਨੋਬਲ ਸਥਿਰ ਕਰਨ ਲਈ, ਭਾਰਤ ਦੇ ਇਤਿਹਾਸ ਵਿਚ ਸਭ ਤੋਂ ਵਧੀਕ, ਕੱਟੜ, ਫਿਰਕੂ ਤੇ ਕਠੋਰਚਿਤ ਮੰਨੇ ਜਾਂਦੇ ਅਰੰਗਜ਼ੇਬ ਦੀ ਵਿਰੋਧਤਾ ਦਾ ਬੀੜਾ ਉਠਾਇਆ ਅਤੇ ਉਸ ਦੀ ਨਿਰੰਕਸ਼ ਰਾਜਸੀ ਸ਼ਕਤੀ ਨੂੰ ਅਜਿਹੇ ਸਮੇਂ ਵਿਚ, ਜਦ ਕਿ ਮੁਗਲ ਹਕੂਮਤ ਆਪਣੇ ਉਰੂਜ ਤੇ ਸੀ, ਏਡੀ ਦਲੇਰੀ ਤੇ ਸ਼ਕਤੀਸ਼ਾਲੀ ਢੰਗ ਨਾਲ ਵੰਗਾਰਿਆ"।[5]

ਆਪਣਾ ਬਲੀਦਾਨ ਦੇਣਾ ਗੁਰੂ ਸਾਹਿਬ ਦਾ ਮੌਤ ਪ੍ਰਤੀ ਪਏ ਲੋਕਾਈ ਦੇ ਅੰਦਰਲੇ 'ਭੈ' ਦੇ ਭਾਵ ਨੂੰ ਖਤਮ ਕਰ ਉਨ੍ਹਾਂ ਅੰਦਰ ਨਿਡਰਤਾ ਵਿਚ ਪੈਦਾ ਕਰਨਾ ਸੀ। ਗੁਰੂ ਸਾਹਿਬ ਦੀ ਸ਼ਹਾਦਤ ਲੋਕਾਈ ਦੇ ਅੰਦਰ ਨਵੇਂ ਖ਼ੂਨ, ਨਵੀਂ ਸੋਚ ਦਾ ਵਿਕਾਸ ਕਰਦੀ ਹੈ। ਹੀਣਤਾ ਦੀ ਭਾਵਨਾ ਵਾਲੇ ਲੋਕ ਮਨਾਂ ਵਿਚ ਆਪਣੀ ਪੱਤ ਦੀ ਰੱਖਿਆ ਲਈ ਇੱਕ ਨਵੀਂ ਪ੍ਰੇਰਣਾ ਸੀ। ਅਨਿਆਂ ਅੱਗੇ ਨਾ ਝੁਕਣ ਜਾਂ ਉਸ ਨੂੰ ਸਵੀਕਾਰਨ ਦੀ


© Copyright @ Authors

ਗੱਲ ਕੋਈ ਨਿਡਰ ਮਨੁੱਖ ਹੀ ਕਰ ਸਕਦਾ ਹੈ, ਨਿਰਭੈਅਤਾ ਪਿੱਛੇ ਵੀਰਤਾ ਦੀ ਭਾਵਨਾ ਕਾਰਜਸ਼ੀਲ ਹੁੰਦੀ ਹੈ। ਜਿਸ ਤੋਂ ਪ੍ਰੇਰਿਤ ਹੋ ਕੇ ਭਾਈ ਦਿਆਲ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਮਤੀ ਦਾਸ ਜੀ ਵੀ ਆਪਣੇ ਆਪ ਨੂੰ ਕੁਰਬਾਨ ਕਰਨ ਲਈ ਤੱਤਪਰ ਹੋ ਜਾਂਦੇ ਹਨ। ਪ੍ਰੋ.ਸ਼ੈਰੀ ਸਿੰਘ ਅਨੁਸਾਰ–

"ਗੁਰ ਤੇਗ਼ ਬਹਾਦਰ ਸਾਹਬ ਦੀ ਸ਼ਹੀਦੀ ਨੇ ਭਾਰਤੀ ਸਮਾਜ ਵਿਚ ਸੰਗਠਨ ਅਤੇ ਇਕਮੁੱਠਤਾ ਦੀ ਸਪਿਰਿਟ ਪੈਦਾ ਕਰ ਦਿੱਤੀ। ਭਾਰਤ ਦਾ ਬ੍ਰਾਹਮਣ ਵਰਗ, ਜੋ ਗੁਰ ਨਾਨਕ ਸਾਹਿਬ ਦੇ ਸਮੇਂ ਤੋਂ ਕਰਮ-ਕਾਂਡੀ ਅਤੇ ਨਾ-ਬਰਾਬਰੀ ਦੇ ਰੱਵੱਈਏ ਕਾਰਨ ਆਲੋਚਨਾ ਦਾ ਨਿਸ਼ਾਨਾ ਬਣਿਆ ਹੋਇਆ ਸੀ ਅਤੇ ਸਮੇਂ-ਸਮੇਂ ਗੁਰਸਿਖੀ ਦਾ ਵਿਰੋਧ ਵੀ ਕਰਦਾ ਆ ਰਿਹਾ ਸੀ। ਹੁਣ ਨਿੱਤਰ ਕੇ ਗੁਰਸਿੱਖੀ ਦੇ ਸਮਰਥਨ ਵਿਚ ਆ ਡਟਿਆ। ਉਸ ਨੇ ਆਪਣੇ ਕਰਮ-ਕਾਂਡੀ ਵਤੀਰੇ ਨੂੰ ਵੀ ਸੁਧਾਰ ਲਿਆ ਅਤੇ ਗੁਰਸਿੱਖੀ ਦਾ ਅੰਗ ਬਣ ਕੇ ਗੌਰਵ ਮਹਿਸੂਸ ਕਰਨ ਲੱਗਾ। (ਉਸ ਸਮੇਂ ਤੋਂ ਲੈ ਕੇ ਅੱਜ ਤਕ ਪੰਜਾਬੀ ਬ੍ਰਾਹਮਣਾਂ ਦਾ ਇਕ ਵੱਡਾ ਹਿੱਸਾ ਸਿੱਖੀ ਸਰੂਪ ਵਾਲਾ ਰਿਹਾ ਹੈ।) ਰਾਜਪੂਤ ਲੋਕ ਵੀ ਖ਼ਾਲਸਾ ਪੰਥ ਵਿਚ ਸ਼ਾਮਲ ਹੋਣ ਵਿਚ ਗੌਰਵ ਮਹਿਸੂਸ ਕਰਨ ਲੱਗੇ ਅਤੇ ਪੰਜਾਬ ਦੀ ਕਿਸਾਨੀ ਵਿਚ ਵੱਡਾ ਹਿੱਸਾ ਰਾਜਪੂਤ ਜੱਟਾਂ ਦਾ ਹੈ। ਇਉਂ ਗੁਰਸਿੱਖੀ ਦਾ ਆਧਾਰ ਬਹੁਤ ਵਿਸ਼ਾਲ ਹੋ ਗਿਆ ਅਤੇ ਖ਼ਾਲਸਾ ਪੰਥ ਨੂੰ ਮਾਨਵੀ ਸਰੋਤਾਂ ਦੀ ਕੋਈ ਘਾਟ ਨਾ ਰਹੀ"।[6]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਾਂ ਸਰਬੰਸਦਾਨੀ ਹੋ ਨਿਬੜੇ। ਉਨ੍ਹਾਂ ਤੋਂ ਇਲਾਵਾ ਉਨ੍ਹਾਂ ਦੇ ਚਾਰ ਸਾਹਿਬਜ਼ਾਦੇ ਅਤੇ ਮਾਤਾ ਜੀ ਵੀ ਸ਼ਹੀਦੀ ਨੂੰ ਪ੍ਰਾਪਤ ਹੋਏ। ਸ਼ਹੀਦੀ ਪਰੰਪਰਾ ਦੀ ਨੀਂਹ ਪੱਕੀ ਹੋ ਗਈ। ਗੁਰੂ ਸਾਹਿਬਾਨ ਦੀ ਨਿੱਜੀ ਮਿਸਾਲ ਤੋਂ ਪ੍ਰੇਰਨਾ ਲੈ ਕੇ ਅਨੇਕਾਂ ਸਿੰਘ, ਸਿੰਘਣੀਆਂ ਅਤੇ ਬੱਚੇ ਸ਼ਹੀਦੀਆਂ ਪਾ ਗਏ। ਉਨ੍ਹਾਂ ਨੂੰ ਹਰ ਸਿੱਖ ਹਰ ਰੋਜ਼ ਸਵੇਰ-ਸ਼ਾਮ ਅਰਦਾਸ ਵਿੱਚ ਯਾਦ ਕਰਦਾ ਹੈ ਅਤੇ ਸ਼ਰਧਾ ਭੇਟ ਕਰਦਾ ਹੈ। ਸ਼ਹਾਦਤ ਦਾ ਸਿੱਖ ਸੰਕਲਪ ਉੱਚਤਮ ਅਤੇ ਬੇਮਿਸਾਲ ਹੈ। ਸ਼ਹੀਦੀ ਦਾ ਸਬਕ ਗੁਰੂ ਸਾਹਿਬਾਨ ਨੇ ਨਿੱਜੀ ਮਿਸਾਲ ਰਾਹੀਂ ਦ੍ਰਿੜ ਕਰਾਇਆ ਹੈ। ਗੁਰੂ ਸਾਹਿਬਾਨ ਦੀ ਪ੍ਰੇਰਨਾ ਸਦਕਾ ਸਿੱਖਾਂ ਨੇ ਅਣਗਿਣਤ ਸ਼ਹੀਦੀਆਂ ਪ੍ਰਾਪਤ ਕੀਤੀਆਂ। ਸਿੱਖ ਇਤਿਹਾਸ ਸ਼ਹੀਦਾਂ ਦਾ ਇਤਿਹਾਸ ਹੈ। ਸ਼ਹੀਦ ਆਪਣੀ ਮੌਤ ਰਾਹੀਂ ਕੌਮ ਨੂੰ ਜੀਵਨ ਬਖ਼ਸ਼ਦਾ ਹੈ। ਡਾ.ਐੱਮ ਐੱਸ.ਅੰਮ੍ਰਿਤ ਗੁਰੂ ਜੀ ਦੀ ਸ਼ਹੀਦੀ ਬਾਰੇ ਲਿਖਦੇ ਹਨ–

"ਅੰਤ ਵਿਚ, ਹਲਫ਼ੀਆ ਬਿਆਨ ਵਾਂਗ ਵਿਸ਼ਵਾਸ ਦੀ ਭਾਸ਼ਾ ਵਿਚ ਕਿਹਾ ਜਾ ਸਕਦਾ ਹੈ ਕਿ ਸ਼ਾਂਤੀ ਦੀ ਗਹਿਰ ਗੰਭੀਰ ਨਿਰੰਜਨੀ ਜੋਤ ਵੱਲੋਂ, ਔਰੰਗਜ਼ੇਬ ਦੀ ਫਿਰਕੂ, ਪੱਖਪਾਤੀ ਤੇ ਕਠੋਰ ਨੀਤਿ ਦਾ ਖੰਡਨ ਕਰਨਾ ਇਕ ਅਜਿਹੀ ਯੁੱਗ-ਪਲਟਾਓ ਇਤਿਹਾਸਕ ਘਟਨਾ ਸੀ, ਜਿਸ ਦਾ ਸੱਚਾਈ-ਪੂਰਤ ਪੈਗਾਮ ਨਾ ਕੇਵਲ ਭਾਰਤੀ ਕੌਮ, ਸਗੋਂ ਸਾਰੇ ਸੰਸਾਰ ਨੂੰ ਸਦੀਵ ਕਾਲ ਤੱਕ ਉਤਸ਼ਾਹਿਤ ਅਤੇ ਪ੍ਰੇਰਿਤ ਕਰਦਾ ਰਹੇਗਾ"।[7]

ਇਸ ਤਰ੍ਹਾਂ ਇਹ ਸ਼ਹਾਦਤ 'ਤਿਲਕ ਜੰਞੂ' ਦੀ ਰੱਖਿਆ ਲਈ ਦਿੱਤੀ ਗਈ। ਦਰਅਸਲ, ਮੁੱਦਾ 'ਤਿਲਕ ਜੰਞੂ' ਦਾ ਨਹੀਂ ਸੀ, ਧਰਮ ਦੀ ਅਜ਼ਾਦੀ ਦਾ ਸੀ, ਪਾਠ-ਪੂਜਾ ਦੀ ਖੁੱਲ੍ਹ ਦਾ ਸੀ, ਜ਼ੁਲਮ-ਜਬਰ ਦੀ ਵਿਰੋਧਤਾ ਦਾ ਸੀ। ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਅਦੁੱਤੀ ਸ਼ਹਾਦਤ ਦੇ ਫਲਸਰੂਪ ਸਿੱਖ ਜਗਤ 'ਚ ਰੋਸ ਤੇ ਰੋਹ ਦੀ ਜਵਾਲਾ ਭੜਕ ਉੱਠੀ। ਧਰਮ ਦੀ ਰੱਖਿਆ ਲਈ ਤੇ ਜ਼ੁਲਮ ਦੇ ਨਾਸ਼ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਹਿਨੁਮਾਈ ਹੇਠ ਖੜਗ ਤੇ ਖੰਡਾ ਲੈ ਕੇ ਸਿਰਲੱਥ ਸਿੰਘ ਸੂਰਮੇ ਰਣਭੂਮੀ 'ਚ ਆਉਣ ਲੱਗੇ। ਉਹ ਸ਼ਮਸ਼ੀਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥ ਆ ਗਈ ਜਿਸ ਲਈ ਫੌਲਾਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਿਆਰ ਕੀਤਾ ਸੀ। ਡਾ.ਐੱਮ ਐੱਸ.ਅੰਮ੍ਰਿਤ ਅਨੁਸਾਰ–

ਗੁਰੂ ਤੇਗ਼ ਬਹਾਦਰ ਜੀ ਨੇ ਆਪਣੀ ਸ਼ਹਾਦਤ ਨਾਲ ਗੁਰਮਤਿ ਪਰੰਪਰਾ ਨੂੰ ਠੋਸ ਪਕਿਆਈ ਅਤੇ ਪ੍ਰੌੜ੍ਹਤਾ ਪ੍ਰਦਾਨ ਕੀਤੀ। ਗੁਰੂ ਤੇਗ਼ ਬਹਾਦਰ ਜੀ ਦਾ ਸਾਰਾ ਜੀਵਨ, ਇਸ ਗੱਲ ਦਾ ਜੀਵੰਤ ਪ੍ਰਮਾਣ ਹੈ ਕਿ ਗੁਰਮਤਿ ਦਾ ਲਕਸ਼, ਮਾਨਵ-ਮਾਤਰ ਅਤੇ ਮਾਨਵਤਾ ਦੇ ਅਧਿਕਾਰ ਅਤੇ ਗਰਵ ਦੀ ਸੁਰੱਖਿਆ ਅਤੇ ਸੰਭਾਲ ਹੈ । ਇਸੇ ਵਿਚ ਉਨ੍ਹਾਂ ਦੀ ਸ਼ਹਾਦਤ ਦੇ ਮਹਾਨ ਤੇ ਉੱਘੇ ਲੱਛਣ ਵਿਦਮਾਨ ਹਨ ਜੋ ਅੱਜ ਵੀ ਸਾਡਾ ਮਾਰਗ-ਦਰਸ਼ਨ ਕਰਦੇ ਹਨ ।[8]

**ਹਵਾਲੇ**


1. ਬਚਿਤ੍ਰ ਨਾਟਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2000, ਪੰਨਾ 58
2. ਫੌਜਾ ਸਿੰਘ, ਤਾਰਨ ਸਿੰਘ, ਸ੍ਰੀ ਗੁਰੂ ਤੇਗ਼ ਬਹਾਦਰ ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ,ਪਟਿਆਲਾ, 1987, ਪੰਨਾ 79
3. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1429
4. ਤਾਰਨ ਸਿੰਘ, ਸ੍ਰੀ ਗੁਰੂ ਤੇਗ਼ ਬਹਾਦਰ ਜੀਵਨ ਸੰਦੇਸ਼ ਤੇ ਸ਼ਹਾਦਤ, ਪੰਜਾਬੀ ਯੂਨੀਵਰਸਿਟੀ,ਪਟਿਆਲਾ, 1976, ਪੰਨਾ265
5. ਐਮ.ਜੀ.ਗੁਪਤਾ,(ਸੰਪਾ.), ਸ੍ਰੀ ਗੁਰੂ ਤੇਗ਼ ਬਹਾਦਰ ਹਿੰਦ ਦੀ ਚਾਦਰ, ਲੋਕਗੀਤ ਪ੍ਰਕਾਸ਼ਨ, ਸਰਹਿੰਦ ਮੰਡੀ,1995, ਪੰਨਾ 154
6. ਪ੍ਰੋ. ਬਿਕਰਮ ਸਿੰਘ ਘੁੰਮਣ, ਡਾ. ਚਰਨਜੀਤ ਸਿੰਘ ਗੁਮਟਾਲਾ (ਸੰਪਾ.), ਸ੍ਰੀ ਗੁਰੂ ਤੇਗ਼ ਬਹਾਦਰ ਜੀਵਨ ਚਿੰਤਨ ਤੇ ਬਾਣੀ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ,ਲੁਧਿਆਣਾ ਅੰਮ੍ਰਿਤਸਰ,2021,ਪੰਨਾ 169
7. ਐਮ.ਜੀ.ਗੁਪਤਾ,(ਸੰਪਾ.) ਸ੍ਰੀ ਗੁਰੂ ਤੇਗ਼ ਬਹਾਦਰ ਹਿੰਦ ਦੀ ਚਾਦਰ, ਲੋਕਗੀਤ ਪ੍ਰਕਾਸ਼ਨ, ਸਰਹਿੰਦ ਮੰਡੀ,1995, ਪੰਨਾ 154
8. ਉਹੀ,ਪੰਨਾ 150



© Copyright @ Authors